# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 13 ਅਪ੍ਰੈਲ 2026 ਦਿਨ ਸੋਮਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਲਾਰਡ ਬੁੱਧਾ ਟਰੱਸਟ ਵੱਲੋਂ ਸੁਪਰ ਸੀਨੀਅਰ ਮੈਟ੍ਰਿਕੁਲੇਟਸ ਸਨਮਾਨ ਸਮਾਰੋਹ ਆਯੋਜਿਤ : ਢੋਸੀਵਾਲ

### ਡਾ. ਅੰਬੇਡਕਰ ਜੈਅੰਤੀ ਨੂੰ ਸਮਰਪਿਤ ਸਮਾਗਮ

ਵਰਲਡ ਪੰਜਾਬੀ ਟਾਈਮਜ਼ ਸ਼ਿਵਨਾਥ

ਫ਼ਰੀਦਕੋਟ 13 ਅਪ੍ਰੈਲ : ਐਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਦੀ ਫਰੀਦਕੋਟ ਜਿਲ੍ਹਾ ਇਕਾਈ ਵੱਲੋਂ ਆਉਂਦੀ ਡਾ. ਅੰਬੇਡਕਰ ਜੈਅੰਤੀ ਨੂੰ ਸਮਰਪਿਤ ਸਥਾਨਕ ਜੈਸਮੀਨ ਹੋਟਲ ਵਿਖੇ ਸੁਪਰ ਸੀਨੀਅਰ ਮੈਟ੍ਰਿਕੁਲੇਟਸ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਟਰੱਸਟ ਦੇ ਸੰਸਥਾਪਕ ਚੇਅਰਮੈਨ ਜਗਦੀਸ਼ ਰਾਏ ਢੋਸੀਵਾਲ, ਜਿਲ੍ਹੇ ਦੀ ਚੀਫ ਪੈਟਰਨ ਹੀਰਾਵਤੀ, ਡਾ. ਨਿਰਮਲ ਕੌਸ਼ਿਕ ਅਤੇ ਸੁਰਜੀਤ ਸਿੰਘ ਸੁਪਰਡੈਂਟ ਨੇ ਸਾਂਝੇ ਤੌਰ 'ਤੇ ਕੀਤੀ। ਸ਼ਹਿਰ ਅੰਦਰ ਵਿਲੱਖਣ ਅਤੇ ਆਪਣੀ ਕਿਸਮ ਦੇ ਹੋਏ ਇਸ ਪਲੇਠੇ ਸਮਾਰੋਹ ਦੌਰਾਨ ਟਰੱਸਟ ਦੇ ਸ੍ਰੀ ਕ੍ਰਿਸ਼ਨ ਆਰ.ਏ., ਗੋਵਿੰਦ




ਕੁਮਾਰ ਅਤੇ ਹੋਰਨਾਂ ਤੋਂ ਇਲਾਵਾ ਵਿਜੇ ਕੁਮਾਰੀ, ਸੁਖਜੀਤ ਕੌਰ, ਮੰਜੂ ਸੁਖੀਜਾ, ਤੇਜਿੰਦਰਪਾਲ ਕੌਰ ਕੌਂਸਲਰ,ਪਰਮਜੀਤ ਕੌਰ ਖਾਲਸਾ, ਅਰਮਾਨ ਕੌਰ, ਗੁਰਪਿਆਰ ਸਿੰਘ, ਕੁਲਦੀਪ ਕੁਮਾਰ, ਰਿਆਨ ਅਮਰ, ਕਿਰਤ ਕੁਮਾਰ, ਸ਼ਿਵਨਾਥ ਦਰਦੀ, ਪ੍ਰੋ. ਬੀਰਇੰਦਰ ਸਰਾਂ, ਮਾਧਵ, ਗੋਵਿੰਦ, ਸੁਖਮਨ, ਪ੍ਰੇਸ਼ੀਅਸ, ਨਿਰਮਲ ਕੌਰ ਅਤੇ ਰਾਜਵੰਤ ਕੌਰ ਆਦਿ ਸ਼ਾਮਿਲ ਹੋਏ। ਸਮਾਰੋਹ ਦੀ ਸ਼ੁਰੂਆਤ ਮੈਡਮ ਹੀਰਾਵਤੀ ਵੱਲੋਂ ਟਰੱਸਟ ਮੈਂਬਰਾਂ ਦੀ ਜਾਣ-ਪਛਾਣ ਅਤੇ ਸਵਾਗਤੀ ਭਾਸ਼ਣ ਨਾਲ ਸ਼ੁਰੂ ਹੋਈ। ਜਿਕਰਯੋਗ ਹੈ ਕਿ ਉਕਤ ਸਮਾਰੋਹ ਦੌਰਾਨ ਪੰਜਾਹ ਸਾਲ ਜਾਂ ਇਸ ਤੋਂ ਵੱਧ ਸਮਾਂ ਪਹਿਲਾਂ ਮੈਟ੍ਰਿਕ ਦੀ ਪ੍ਰੀਖਿਆ ਪਾਸ ਕਰਨ ਵਾਲੇ ਡਾ. ਨਿਰਮਲ ਕੌਸ਼ਿਕ, ਜੀਤ ਸਿੰਘ ਸੰਧੂ, ਪਿਆਰਾ ਸਿੰਘ ਸੰਧੂ, ਸੋਹਨ ਲਾਲ ਨਿਗਾਹ, ਓ.ਪੀ. ਚੌਧਰੀ, ਸੁਰਜੀਤ ਸਿੰਘ ਸੁਪਰਡੈਂਟ, ਜਗਦੀਸ਼ ਰਾਏ ਢੋਸੀਵਾਲ, ਸੁਰਜੀਤ ਸਿੰਘ, ਜਸਵੰਤ ਸਿੰਘ ਕੋਟਕਪੂਰਾ, ਰਾਜੇਸ਼ ਸੁਖੀਜਾ, ਅਜ਼ਾਦ ਬਿੰਦੂ, ਜੱਗਰ ਸਿੰਘ, ਸ਼ਿੰਦਰਪਾਲ ਸਿੰਘ, ਬਖਸ਼ੀਸ਼ ਕੌਰ, ਬਿਮਲਾ ਢੋਸੀਵਾਲ ਅਤੇ ਸੁਦੇਸ਼ ਰਾਣੀ ਚਿਤਰਾ ਆਦਿ ਸਮੇਤ ਹੋਰਨਾਂ ਨੂੰ ਟਰੱਸਟ ਵੱਲੋਂ ਯਾਦਗਾਰੀ ਸਨਮਾਨ ਚਿੰਨ ਭੇਂਟ ਕੀਤੇ ਗਏ। ਇਸ ਮੌਕੇ ਸਨਮਾਨਿਤ ਕੀਤੇ ਗਏ ਸਮੂਹ ਸੱਜਣਾਂ ਨੇ ਟਰੱਸਟ ਦੇ ਇਸ ਉਪਰਾਲੇ ਦੀ ਪੁਰਜੋਰ ਸ਼ਬਦਾਂ ਵਿਚ ਸ਼ਲਾਘਾ ਕਰਦੇ ਹੋਏ ਸੰਸਥਾ ਦੀ ਸਮੁੱਚੀ ਟੀਮ ਨੂੰ ਵਧਾਈ ਦਿੱਤੀ। ਆਪਣੇ ਸੰਬੋਧਨ ਦੌਰਾਨ ਸ੍ਰੀ ਢੋਸੀਵਾਲ ਨੇ ਕਿਹਾ ਕਿ ਸੁਪਰ ਸੀਨੀਅਰ ਸਿਟੀਜਨ ਸਮੁੱਚੇ ਸਮਾਜ ਦਾ ਕੀਮਤੀ ਗਹਿਣਾ ਹੁੰਦੇ ਹਨ ਅਤੇ ਇਨ੍ਹਾਂ ਦੇ ਤਜਰਬੇ ਸਮੁੱਚੇ ਸਮਾਜ ਲਈ ਮਾਰਗ ਦਰਸ਼ਕ ਹੁੰਦੇ ਹਨ। ਉਨ੍ਹਾਂ ਨੇ ਸਾਰਿਆਂ ਨੂੰ ਆਉਣ ਵਾਲੀ ਡਾ. ਅੰਬੇਡਕਰ ਜੈਅੰਤੀ ਅਤੇ ਵਿਸਾਖੀ ਦੀ ਵਧਾਈ ਦਿੱਤੀ। ਉਨ੍ਹਾਂ ਅੱਗੇ ਕਿਹਾ ਕਿ ਡਾ. ਅੰਬੇਡਕਰ ਨੇ ਸਮਾਜ ਦੀ ਤਰੱਕੀ ਲਈ ਪੜ੍ਹੋ, ਜੁੜੋ, ਸੰਘਰਸ਼ ਕਰੋ ਦਾ ਮੂਲ ਮੰਤਰ ਦਿੱਤਾ ਸੀ। ਜਿਨ੍ਹਾਂ ਵਿਅਕਤੀਆਂ ਨੇ ਇਸਤੇ ਅਮਲ ਕਰਦੇ ਹੋਏ ਬਹੁਤ ਲੰਮਾ ਸਮਾਂ ਵਿਦਿਆ ਰੂਪੀ ਕੀਮਤੀ ਗਹਿਣਾ ਪ੍ਰਾਪਤ ਕੀਤਾ ਹੈ ਉਹ ਸਭ ਵਧਾਈ ਦੇ ਪਾਤਰ ਹਨ। ਸ੍ਰੀ ਢੋਸੀਵਾਲ ਨੇ ਅੱਜ ਸਨਮਨਿਤ ਕੀਤੇ ਗਏ ਸਾਰੇ ਮੈਟ੍ਰਿਕੁਲੇਟਸ ਨੂੰ ਟਰੱਸਟ ਵੱਲੋਂ ਵਧਾਈ ਦਿੰਦੇ ਹੋਏ ਉਨ੍ਹਾਂ ਦੀ ਲੰਮੀ ਉਮਰ, ਚੰਗੀ ਸਿਹਤ ਅਤੇ ਪਰਿਵਾਰਕ ਖੁਸ਼ਹਾਲੀ ਦੀ ਕਾਮਨਾ ਕੀਤੀ। ਸਮਾਗਮ ਦੌਰਾਨ ਅਰਮਾਨ ਕੌਰ ਨੇ ਡਾ. ਅੰਬੇਡਕਰ ਦੇ ਜੀਵਨ ਅਤੇ ਫਲਸਫੇ 'ਤੇ ਚਾਨਣਾ ਪਾਇਆ ਅਤੇ ਸਭਨਾਂ ਨੂੰ ਉਨ੍ਹਾਂ ਵੱਲੋਂ ਦਿਖਲਾਏ ਰਸਤੇ 'ਤੇ ਚੱਲਣ ਦੀ ਪ੍ਰੇਰਣਾ ਦਿੱਤੀ। ਉਨ੍ਹਾਂ ਅੱਗੇ ਕਿਹਾ ਕਿ ਡਾ. ਅੰਬੇਡਕਰ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਹੀ ਸਮਤਾ, ਸਮਾਨਤਾ ਤੇ ਭਾਈਚਾਰੇ ਵਾਲੇ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ। ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਸ੍ਰੀ ਢੋਸੀਵਾਲ ਨੇ ਦੱਸਿਆ ਹੈ ਕਿ ਅੱਜ ਦੇ ਸਮਾਗਮ ਨੂੰ ਸਫਲ ਬਨਾਉਣ ਲਈ ਪ੍ਰਿੰ. ਕ੍ਰਿਸ਼ਨ ਲਾਲ, ਹੀਰਾਵਤੀ, ਨਿਰਮਲਜੀਤ ਕੌਰ, ਇੰਸ. ਰਮੇਸ਼ ਕੁਮਾਰ, ਸ਼ਾਂਤੀ ਦੇਵੀ, ਹਰਪਾਲ ਸਿੰਘ, ਡੀ.ਪੀ.ਐੱਸ. ਭੋਲਾ, ਮਲਕੀਅਤ ਸਿੰਘ ਮੰਮਣ, ਜਗਦੀਸ਼ ਰਾਏ ਢੋਸੀਵਾਲ, ਰਾਜੇਸ਼ ਸੁਖੀਜਾ, ਪਰਮਜੀਤ ਕੌਰ ਖਾਲਸਾ, ਸੋਹਨ ਲਾਲ ਨਿਗਾਹ, ਜਸਵੰਤ ਸਿੰਘ ਕੋਟਕਪੂਰਾ, ਗੋਬਿੰਦ ਕੁਮਾਰ, ਅਜ਼ਾਦ ਬਿੰਦੂ, ਸੁਰਜੀਤ ਸਿੰਘ ਸੁਪਰਡੈਂਟ, ਜੀਤ ਸਿੰਘ ਸੰਧੂ, ਪਿਆਰਾ ਸਿੰਘ ਸੰਧੂ ਤੇ ਅਸ਼ੀਸ਼ ਕੁਮਾਰ ਆਦਿ ਨੇ ਆਰਥਿਕ ਸਹਿਯੋਗ ਦਿੱਤਾ ਹੈ। ਟਰੱਸਟ ਵੱਲੋਂ ਇਨ੍ਹਾਂ ਸਾਰਿਆਂ ਦਾ ਤਹਿ ਦਿਲੋਂ ਸ਼ੁਕਰੀਆ ਅਦਾ ਕੀਤਾ ਗਿਆ। ਸਮਾਰੋਹ ਦੇ ਅੰਤ ਵਿਚ ਸਾਰਿਆਂ ਲਈ ਚਾਹ-ਪਾਣੀ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ।

## ਖੇਡ ਲੇਖਕ ਨਵਦੀਪ ਗਿੱਲ ਨੇ ਸ਼ਮਸ਼ੇਰ ਸੰਧੂ ਨਾਲ ਰਚਾਇਆ ਰੌਚਕ ਸੰਵਾਦ

### ਪੰਜਾਬੀ ਲੇਖਕ ਸਭਾ ਦੇ ਸਮਾਗਮ ਵਿੱਚ ਹੋਈ ਭਰਵੀਂ ਇਕੱਤਰਤਾ

ਵਰਲਡ ਪੰਜਾਬੀ ਟਾਈਮਜ਼

ਚੰਡੀਗੜ੍ਹ 13 ਅਪ੍ਰੈਲ:ਅੱਜ ਪੰਜਾਬ ਕਲਾ ਭਵਨ ਵਿਖੇ ਪੰਜਾਬੀ ਲੇਖਕ ਸਭਾ ਚੰਡੀਗੜ੍ਹ ਨੇ ਪੰਜਾਬ ਕਲਾ ਪ੍ਰੀਸ਼ਦ ਦੇ ਸਹਿਯੋਗ ਨਾਲ ਉੱਘੇ ਗੀਤਕਾਰ ਅਤੇ ਸੀਨੀਅਰ ਪੱਤਰਕਾਰ ਸ਼ਮਸ਼ੇਰ ਸੰਧੂ ਨਾਲ ਰੂਬਰੂ ਸਮਾਗਮ ਰਚਾਇਆ। ਵੱਡੀ ਗਿਣਤੀ ਵਿੱਚ ਹਾਜ਼ਿਰ ਸਰੋਤਿਆਂ ਨੇ 'ਯਾਰ ਬੋਲਦਾ' ਨਾਮ ਤਹਿਤ ਇਸ ਪ੍ਰੋਗਰਾਮ ਦਾ ਆਨੰਦ ਮਾਣਿਆ, ਜਿਸ ਵਿੱਚ ਸ਼ਮਸ਼ੇਰ ਸੰਧੂ ਨਾਲ ਖੁਲ੍ਹੀਆਂ ਗੱਲਾਂ ਕਰਨ ਦੀ ਜ਼ਿੰਮੇਵਾਰੀ ਆਪਣੇ ਵਿਲੱਖਣ ਅੰਦਾਜ਼ ਵਿੱਚ ਪ੍ਰਸਿੱਧ ਖੇਡ ਲਿਖਾਰੀ ਅਤੇ ਡਿਪਟੀ ਡਾਇਰੈਕਟਰ (ਲੋਕ ਸੰਪਰਕ ਵਿਭਾਗ) ਨਵਦੀਪ ਗਿੱਲ ਨੇ ਨਿਭਾਈ। ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਭੁਪਿੰਦਰ ਸਿੰਘ ਮਲਿਕ ਨੇ ਕਿਹਾ ਕਿ ਪੰਜਾਬੀ ਗੀਤਕਾਰੀ ਵਿੱਚ ਸ਼ਮਸ਼ੇਰ ਸੰਧੂ ਦਾ ਨਾਮ ਉਸ ਸੁਚੱਜੀ ਲਿਖਤ ਦੀ ਨੁਮਾਇੰਦਗੀ ਕਰਦਾ ਹੈ, ਜਿਹੜੀ ਪਰਿਵਾਰ ਵਿੱਚ ਬਹਿ ਕੇ ਸੁਣੇ ਜਾਣ ਦੇ ਯੋਗ ਹੈ। ਸਕੱਤਰ ਸੁਖਵਿੰਦਰ ਸਿੰਘ ਸਿੱਧੂ ਨੇ ਸਵਾਗਤੀ ਸ਼ਬਦਾਂ ਵਿੱਚ ਕਿਹਾ ਕਿ ਸ਼ਮਸ਼ੇਰ ਸੰਧੂ ਨੇ ਮਿਆਰੀ ਗੀਤਕਾਰੀ ਨਾਲ ਇਸ ਵਿਧਾ ਨੂੰ ਨਵੀਂ ਸੇਧ ਦਿੱਤੀ, ਜਿਸ ਨਾਲ ਸੁਰਜੀਤ ਬਿੰਦਰਖੀਆ ਅਤੇ ਸਤਵਿੰਦਰ ਬਿੱਟੀ ਸਣੇ ਕਈ ਗਾਇਕਾਂ ਨੇ ਬੇਹਤਰੀਨ ਕਾਮਯਾਬੀ ਹਾਸਿਲ ਕੀਤੀ। ਆਪਣੀ ਸੁਰੀਲੀ ਆਵਾਜ਼ ਵਿੱਚ ਸ਼ਮਸ਼ੇਰ ਸੰਧੂ ਦਾ ਗੀਤ 'ਪੇਕੇ ਹੁੰਦੇ ਮਾਵਾਂ ਨਾਲ' ਸੁਣਾ ਕੇ ਮਨਦੀਪ ਕੌਰ ਮਰਾੜ੍ਹ ਨੇ ਸਮਾਗਮ ਵਿੱਚ ਮੌਜੂਦ ਸਾਰੇ ਸਰੋਤਿਆਂ ਦੀ ਵਾਹ ਵਾਹ ਖੱਟੀ।




## ਖਾਲਸਾ ਦਿਵਸ



ਵਿਸਾਖ ਮਹੀਨਾ ਸੀ,
ਹੋਇਆ ਇੱਕਠ ਵਿੱਚ ਪੁਰੀ ਅਨੰਦਾ।
ਦਸ਼ਮੇਸ਼ ਪਿਤਾ ਬੋਲੇ,
ਕਰ ਦਿਓ ਸੀਸ ਭੇਟ ਕੋਈ ਬੰਦਾ।
ਉਨਾਂ ਰੋਹੀ ਬੋਲਾਂ ਨੇ,
ਕੱਚਿਆਂ ਤਾਈ ਭਾਜੜਾਂ ਪਾਈਆਂ।
ਅੱਜ ਦਿਵਸ ਖਾਲਸੇ ਦਾ,
ਸੰਗਤੇ ਲੱਖ ਲੱਖ ਹੋਣ ਵਧਾਈਆਂ।
ਉਸ ਭਰੇ ਭੰਡਾਲ ਵਿੱਚੋਂ,
ਭਾਈ ਦਇਆ ਰਾਮ ਜੀ ਬੋਲੇ।
ਮੇਰਾ ਸਭ ਕੁਝ ਹਾਜ਼ਰ ਹੈ,
ਜੀਵਨ ਹੋ ਜਾਵਣ ਅਣਮੋਲੇ।
ਘਰ ਦਇਆ ਦੇ ਆ ਕੇ ਤੇ,
ਦਇਆ ਨਾਲ ਸਾਂਝਾਂ ਸੀ ਪਾਈਆਂ,
ਅੱਜ ਦਿਵਸ ਖਾਲਸੇ ਦਾ,
ਸੰਗਤੇ ਲੱਖ ਲੱਖ ਹੋਣ ਵਧਾਈਆਂ।
ਫਿਰ ਧਰਮ ਕਮਾਵਣ ਲਈ,
ਪਿਆਰੇ ਧਰਮ ਦਾਸ ਜੀ ਆਏ।
ਫਿਰ ਹਿੰਮਤ ਕਰਕੇ ਤੇ,
ਮਗਰੇ ਉੱਠ ਪਏ ਹਿੰਮਤ ਰਾਏ।
ਉਹਨਾਂ ਸੀਸ ਭੇਟ ਕਰਕੇ,
ਗੁਰੂ ਦੀਆਂ ਕਹੀਆਂ ਗੱਲਾਂ ਪੁਗਾਈਆ।
ਹੋਇਆ ਜਨਮ ਖਾਲਸੇ ਦਾ,
ਸੰਗਤੇ ਲੱਖ ਲੱਖ ਹੋਣ ਵਧਾਈਆਂ।
ਹੁਣ ਮੋਹਰੀ ਹੋ ਕੇ ਤੇ,
ਮੋਹਕਮ ਚੰਦ ਮੁਖੋਂ ਫਰਮਾਏ।
ਕਰੋ ਜਨਮ ਸੁਹੇਲਾ ਜੀ,
ਸਾਡੇ ਭਾਗ ਨੇ ਅੱਜ ਰੁਸਨਾਏ।
ਚਾਂਈ-ਚਾਂਈ ਉੱਠ ਕੇ ਤੇ,
ਉਸਨੇ ਦਿਲ ਦੀਆਂ ਸਭ ਸੁਣਾਈਆਂ,
ਹੋਇਆ ਜਨਮ ਖਾਲਸੇ ਦਾ,
ਸੰਗਤੇ ਲੱਖ ਲੱਖ ਹੋਣ ਵਧਾਈਆਂ।
ਚੰਦ ਰੋਸ਼ਨੀ ਪਾਵਣ ਲਈ,
ਉੱਠੇ ਸਾਹਿਬ ਚੰਦ ਪਿਆਰੇ।
ਤੁਹਾਡਾ ਬਚਨ ਕਮਾਵਣ ਲਈ,
ਕਹਿੰਦੇ ਜਾਵਾਂ ਵਾਰੇ ਵਾਰੇ।
ਪੰਜਾਂ ਦੀ ਭੇਟਾਂ ਨੇ,
ਰਾਹਾਂ ਸੱਚ ਦੀਆਂ ਮਹਿਕਾਈਆਂ।
ਹੋਇਆ ਜਨਮ ਖਾਲਸੇ ਦਾ,
ਸੰਗਤੇ ਲੱਖ ਲੱਖ ਹੋਣ ਵਧਾਈਆਂ।
ਖਾਲਸਾ ਰੂਪ ਗੁਰੂ ਦਾ ਹੈ,
ਸੰਗਤੇਂ ਰੱਜ ਰੱਜ ਦਰਸ਼ਨ ਕਰਿਓ।
ਸ਼ਬਦ ਗੁਰੂ ਗ੍ਰੰਥ ਤੁਹਾਡਾ,
ਇਸ ਗੱਲ ਨੂੰ ਮਨ ਵਿੱਚ ਧਰਿਓ।
ਕੰਵਲ ਰੌਸ਼ਨ ਹੋਣ ਲਈ,
ਸਾਂਝਾ ਸ਼ਬਦ ਗੁਰੂ ਨਾਲ ਪਾਈਆਂ।
ਹੋਇਆ ਜਨਮ ਖਾਲਸੇ ਦਾ,
ਸੰਗਤੇ ਲੱਖ ਲੱਖ ਹੋਣ ਵਧਾਈਆਂ।

ਵਰਲਡ ਪੰਜਾਬੀ ਟਾਈਮਜ਼ ਡਾ. ਕੰਵਲਜੀਤ ਕੌਰ ਕੰਵਲ

## " ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਵਿਸਾਖੀ ਨੂੰ ਸਮਰਪਿਤ "ਅੰਤਰਰਾਸ਼ਟਰੀ ਕਾਵਿ ਮਿਲਣੀ "ਬਹੁਤ ਸਫਲ ਅਤੇ ਪ੍ਰਭਾਵਸ਼ਾਲੀ ਹੋ ਨਿਬੜੀ "

ਵਰਲਡ ਪੰਜਾਬੀ ਟਾਈਮਜ਼ ਰਮਿੰਦਰ ਰੰਮੀ

ਬਰੈਂਪਟਨ , 13 ਅਪ੍ਰੈਲ : ਰਮਿੰਦਰ ਰੰਮੀ ਜੀ ਫ਼ਾਊਂਡਰ ਅਤੇ ਪ੍ਰਬੰਧਕ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਤੇ ਸਮੁੱਚੀ ਪ੍ਰਬੰਧਕੀ ਟੀਮ ਵੱਲੋਂ ਵਿਸਾਖੀ ਪੁਰਬ ਨੂੰ ਸਮਰਪਿਤ ਕਾਵਿ ਮਿਲਣੀ ਦਾ 12 ਅਪ੍ਰੈਲ ਨੂੰ ਆਯੋਜਨ ਕੀਤਾ ਗਿਆ । ਰਮਿੰਦਰ ਰੰਮੀ ਜੀ ਨੇ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਸਾਰਿਆ ਨੂੰ ਜੀ ਆਇਆਂ ਕਹਿੰਦਿਆਂ ਕੀਤੀ । ਸ੍ਰੀ ਮਤੀ ਰਿੰਟੂ ਭਾਟੀਆ ਨੇ ਸਭ ਨਾਲ ਫਤਹਿ ਦੀ ਸਾਂਝ ਪਾਉਂਦਿਆਂ ਦੱਸਿਆ ਕਿ ਰਮਿੰਦਰ ਰੰਮੀ ਜੀ ਸਮੁੱਚੀ ਪ੍ਰਬੰਧਕੀ ਟੀਮ ਨਾਲ ਲਗਾਤਾਰ ਪੰਜ ਸਾਲਾਂ ਤੋਂ ਪ੍ਰੋਗਰਾਮ ਕਰ ਰਹੇ ਹਨ ਤੇ 800 ਦੇ ਕਰੀਬ ਸ਼ਾਇਰਾਂ ਨੂੰ ਇਸ ਪ੍ਰੋਗਰਾਮ ਵਿਚ ਸ਼ਾਮਲ ਕਰ ਚੁੱਕੇ ਹਨ। ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾ . ਦਲਬੀਰ ਸਿੰਘ ਕਥੂਰੀਆ ਜੀ ਨੇ ਆਪਣੇ ਕੀਮਤੀ ਰੁਝੇਵਿਆਂ ਵਿੱਚੋਂ ਸਮਾਂ ਨਿਕਾਲ ਕੇ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ । ਸੁਰਜੀਤ ਜੀ ਨੇ ਵਿਸਾਖੀ ਦੀਆਂ ਸ਼ੁਭ ਕਾਮਨਾਵਾਂ ਦਿੰਦਿਆ ਪ੍ਰੋਗਰਾਮ ਵਿੱਚ ਸ਼ਾਮਲ ਸਾਰੀਆਂ ਸ਼ਖਸੀਅਤਾਂ ਦਾ ਤੁਆਰਫ ਕਰਾਉਂਦਿਆਂ , ਨਿੱਘਾ ਸੁਆਗਤ ਕਰਦਿਆ ਪ੍ਰੋਗਰਾਮ ਦਾ ਸੰਚਾਲਨ ਡਾ. ਰਾਜਬੀਰ ਕੌਰ ਗਰੇਵਾਲ ਨੂੰ ਸੌਂਪਿਆ । ਡਾ. ਰਾਜਬੀਰ ਕੌਰ ਬੀਰ ਗਰੇਵਾਲ ਨੇ ਰਮਿੰਦਰ ਰੰਮੀ ਜੀ ਦੀ ਸ਼ਲਾਘਾ ਕਰਦਿਆਂ ਤੇ ਪ੍ਰਬੰਧਕੀ ਟੀਮ ਨਾਲ ਪਛਾਣ ਕਰਾਉਂਦਿਆਂ ਪ੍ਰੋਗਰਾਮ ਦਾ ਆਗਾਜ਼ ਕੀਤਾ । ਸਭ ਤੋ ਪਹਿਲਾਂ ਅਮਰਜੀਤ ਸਿੰਘ ਕਸਕ ਜੋ ਆਰਮੀ ਵਿੱਚ ਸੇਵਾ ਨਿਭਾਅ ਚੁੱਕੇ ਹਨ ਜੋ ਕਿ ਲੇਖਕ ਹੋਣ ਦੇ ਨਾਲ ਫ਼ਿਲਮਾਂ ਦੀ ਪਰੋਡਕਸਨ ਵੀ ਕਰ ਚੁੱਕੇ ਹਨ ਨੇ ਆਪਣੀ ਕਵਿਤਾ ,"ਸੋਚਣਾ ਬਣਦਾ ਹੈ" ਕਵਿਤਾ ਪੇਸ਼ ਕੀਤੀ ਜੋ ਕਿ ਖ਼ਾਲਸਾ ਪੰਥ ਦੇ ਆਗਾਜ ਬਾਰੇ ਪੇਸ਼ ਕੀਤੀ । ਗੁਚਰਨ ਸਿੰਘ ਜੋਗੀ ਜੀ ਨੇ ਸਮੇਂ ਦੀ ਨਜ਼ਾਕਤ ਅਨੁਸਾਰ ਵਿਸਾਖੀ ਬਾਰੇ ਇੱਕ ਖੂਬਸੂਰਤ ਬੰਦ ਪੇਸ਼ ਕੀਤਾ। .. ਜੀ ਨੇ ਪੰਜ ਆਬਾ ਵਾਲੇ ਪੰਜਾਬ ਦੀ ਤਸਵੀਰ ਪੇਸ਼ ਕਰਦਿਆਂ ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰੀਆਂ। ਮਨਜੀਤ ਸਿੰਘ ਚਾਤ੍ਰਿਕ ਨੇ ਪੁਰਾਤਨ ਛੰਦਾਬੰਦੀ ਦੀ ਮੁਹਾਰਤ ਵਾਲੀ , ਆਪਣੀ ਵਿਲੱਖਣ ਅੰਦਾਜ਼ ਬਸੰਤ ਰਾਗ ਵਾਲੀ ਅਨੁਪਰਾਸ ਅਲੰਕਾਰ ਵਾਲੀ ਵਿੱਚ ਰਚਨਾ ਪੇਸ਼ ਕੀਤੀ ਤੇ ਹਿੰਦੂਸਤਾਨ ਦੀ ਧਰਤੀ ਤੇ ਜਬਰ ਜ਼ੁਲਮ ਦੇ ਜ਼ਮਾਨੇ ਦਾ ਚਿੱਤਰ ਪੇਸ਼ ਕਰਦਿਆਂ ਗੁਰੂ ਸਾਹਿਬਾਨ ਦੀ ਤੇ ਗੁਰੂ ਭਗਤਾਂ ਦੀ ਬਾਣੀ ਦੇ ਪ੍ਰਸੰਗ ਵਿੱਚ ਆਮਦ ਨੂੰ ਚਿਤਰਦੀ ਰਚਨਾ ਪੇਸ ਕੀਤੀ । ਖ਼ਾਲਸੇ ਦੇ ਉਦਭਵ ਤੇ ਚੜਦੀ ਕਲਾ ਸੰਬੰਧੀ ਬਾਰੇ ਬਹੁਤ ਹੀ ਭਾਵਪੂਰਤ ਕਵਿਤਾ ਪੇਸ਼ ਕੀਤੀ । ਦਿਲਪ੍ਰੀਤ ਗੁਰੀ ਜੀ ਨੌਜਵਾਨ ਕਵਿਤਰੀ ਨੇ ਖ਼ਾਲਸੇ ਦੀ ਵਿਲੱਖਣ ਪਛਾਣ ਦਰਸਾਉਂਦੀ ਰਚਨਾ ਪੇਸ ਕੀਤੀ । ਸਤਬੀਰ ਸਿੰਘ ਜੋ ਕਿ ਮਾਂ ਬੋਲੀ ਨੂੰ ਸਮਰਪਿਤ ਸਮਾਜ ਸੇਵੀ ਹਨ ਨੇ ਵਿਸਾਖੀ ਦੀ ਵਧਾਈ ਦਿੰਦਿਆਂ ਆਪਣੀ ਰਚਨਾ ਵਿਸਾਖੀ ਦੇ ਦਿਨ ਖ਼ਾਲਸਾ ਪੰਥ ਦੀ ਸਾਜਨਾ ਤੇ ਪੰਜ ਪਿਆਰਿਆਂ ਦੇ ਹਵਾਲੇ ਨਾਲ ਪੰਥ ਦੀ ਸਿਰਜਣਾ ਦਾ ਕਾਵਿਕ ਬਿਰਤਾਂਤ ਪੇਸ਼ ਕੀਤਾ ਅਜੋਕੇ ਸਮੇਂ ਦੇ ਸੰਦਰਭ ਵਿਚ ਸਿੱਖ ਪੰਥ ਦੀਆਂ ਕੁਰਬਾਨੀਆਂ ਦਾ ਚਿਤਰਨ ਪੇਸ਼ ਕੀਤਾ। ਜਸਵਿੰਦਰ ਸਿੰਘ ਝਬਾਲ ਜੀ ਨੇ ਆਪਣੀ ਰਚਨਾ " ਚੜਦਾ ਹੈ ਚਾਅ " ਕਵਿਤਾ ਵਿਸਾਖੀ ਦੇ ਇਤਿਹਾਸਕ ਤੇ ਸੱਭਿਆਚਾਰਕ ਦੇ ਸੰਦਰਭ ਨਾਲ ਪੇਸ਼ ਕੀਤੀ । ਲਾਡੀ ਭੁੱਲਰ ਜੀ ਨੇ ਆਪਣੀ ਰਚਨਾ ਖ਼ਾਲਸਾ ਪਿਆਰੀ ਕੌਮ ਦੇ ਸੰਦਰਭ ਨਾਲ ਪੰਜਾਬ ਦੇ ਖੇਤੀ ਪ੍ਰਧਾਨ ਸੂਬੇ ਦੇ ਹਵਾਲੇ ਨਾਲ ਕਵਿਤਾ ਦੀ ਸਾਂਝ ਪੁਆਈ। ਇੰਦਰਜੀਤ ਕੌਰ ਜੀ ਨੇ "ਆਈ ਵਿਸਾਖੀ " ਕਵਿਤਾ ਪੇਸ਼ ਕੀਤੀ । ਮੁੱਖ ਮਹਿਮਾਨ ਬਿਕਰਮ ਸੋਹੀ ਜੀ ਨੇ ਵਿਸਾਖੀ ਨਾਲ ਸਬੰਧਤ, ਖ਼ਾਲਸਾ ਉਦਭਵ ਦੇ ਹਵਾਲੇ ਨਾਲ "ਗੋਬਿੰਦ ਰੂਹ ਪੰਜਾਬ ਦੀ "ਖੂਬਸੂਰਤ ਰਚਨਾ ਸਾਂਝੀ ਕੀਤੀ ।ਜਿਸ ਨਾਲ ਸਮੁੱਚਾ ਮਾਹੋਲ ਖਾਲਸਾਈ ਰੰਗ ਵਿੱਚ ਰੰਗਿਆ ਗਿਆ ।





ਸਤਵੀਰ ਰਾਜੇਆਣਾ ਜੀ ਨੇ " ਅਸੀਂ ਆਖ ਰਹੇ ਤੂੰ ਵੇਖ ਲਵੀ" ਰਚਨਾ ਪੇਸ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਵਰਗੀ ਲਾਸਾਨੀ ਸਖਸੀਅਤ ਦੇ ਮੁੜ ਫੇਰਾ ਆਉਣ ਦੇ ਵਕਤ ਆਉਣ ਦੀ ਆਸ ਬਾਖੂਬੀ ਜਿਤਾਈ । ਖੁਸ਼ਵੀਰ ਕੌਰ ਢਿੱਲੋਂ ਜੀ ਨੇ ਆਪਣੀ ਰਚਨਾ ," ਵੱਡਿਆ ਘਮੁੱਕੜਾ" ਰਚਨਾ ਪੇਸ਼ ਕੀਤੀ ।ਮੁੱਖ ਮਹਿਮਾਨ , ਸਾਇਦਾ ਆਇਸ਼ਾ ਗਫਾਰ ਜੀ ਨੇ ਆਪਣੀ ਰਚਨਾ , " ਸਾਰੀਆ ਗੱਲਾਂ ਹੋਣ ਤੋ ਪਹਿਲਾ" ਖੂਬਸੂਰਤ ਨਜ਼ਮ ਦੇ ਨਾਲ ਉਰਦੂ ਗ਼ਜ਼ਲ ਦੀ ਵੀ ਗ਼ਜ਼ਲ ਪੇਸ਼ ਕੀਤੀ । ਪੰਕਜ ਸ਼ਰਮਾ ਨੇ ਦੱਸਿਆ ਕਿ ਉਹਪਹਿਲੀ ਵਾਰੀ ਆਪਣੀ ਰਚਨਾ ਇਸ ਮੰਚ ਤੋਂ ਸਾਂਝੀ ਕਰ ਰਹੇ ਹਨ। ਜਤਿੰਦਰ ਕੌਰ ਜੀ ਨੇ ਆਪਣੀ ਰਚਨਾ ,"ਵਿਸਾਖੀ " ਖ਼ੂਨੀ ਸਾਕੇ ਅਤੇ ਖ਼ਾਲਸਾ ਪੰਥ ਦੀ ਸਾਜਨਾ ਤੇ ਕਿਸਾਨੀ ਜੀਵਨ ਦੇ ਸੰਦਰਭ ਵਿੱਚ ਸਾਂਝੀ ਕੀਤੀ। ਰਮਿੰਦਰ ਰੰਮੀ ਜੀ ਨੇ ਰਾਜਬੀਰ ਜੀ ਦੇ ਸੁਯੋਗ ਸੰਚਾਲਨ ਨੂੰ ਦਾਦ ਦਿੰਦਿਆਂ ਰਮਨਪ੍ਰੀਤ ਕੌਰ ਜੀ ਨੂੰ ਰਚਨਾ ਸਾਂਝੀ ਕਰਨ ਲਈ ਕਿਹਾ ਤੇ ਉਹਨਾਂ ਨੇ ਵਿਸਾਖੀ ਸਬੰਧੀ ਖੂਬਸੂਰਤ ਰਚਨਾ ਅੰਮ੍ਰਿਤ ਸੰਚਾਰ ਦੀ ਮਹੱਤਤਾ ਦਰਸਾਉਂਦੀ ਰਚਨਾ ਸੁਣਾਈ । ਸੁਰਜੀਤ ਜੀ ਨੇ ਆਪਣੀ ਕਵਿਤਾ "ਪਹਿਚਾਣ "ਬਹੁਤ ਹੀ ਵਿਲੱਖਣ ਅੰਦਾਜ਼ ਵਿੱਚ ਪੇਸ਼ ਕੀਤੀ ਜਿਸ ਵਿੱਚ ਖ਼ਾਲਸੇ ਦੀ ਸਾਜਨਾ ਦਾ ਇਤਿਹਾਸਕ ਸੰਦਰਭ ਪੇਸ ਕਰਦਿਆਂ ਅਜੋਕੇ ਸਮੇਂ ਦੇ ਦੰਭੀ ਕਿਰਦਾਰਾਂ ਨੂੰ ਪੇਸ਼ ਕੀਤਾ ਤੇ ਇਤਿਹਾਸ ਤੋ ਸਿੱਖਣ ਲਈ ਪ੍ਰੇਰਿਆ । ਰਿੰਟੂ ਭਾਟੀਆ ਜੀ ਆਪਣੀ ਮਿੱਠੀ ਅਵਾਜ਼ ਵਿੱਚ " ਮਿੱਤਰ ਪਿਆਰੇ ਨੂੰ" ਸ਼ਬਦ ਸਰੋਤਿਆ ਨਾਲ ਸਾਂਝਾ ਕਰਕੇ ਆਨੰਦਮਈ ਅਧਿਆਤਮਕ ਮਾਹੌਲ ਸਿਰਜਿਆ । ਵਿਜੇਤਾ ਭਾਰਦਵਾਜ ਨੇ ਬਚਪਨ ਤੋਂ ਜਵਾਨੀ ਤੱਕ ਦੇ ਸਫ਼ਰ ਨੂੰ ਪੇਂਡੂ ਜੀਵਨ ਦੇ ਮੋਹ ਭਰੇ ਮਾਹੌਲ ਨੂੰ ਖ਼ੂਬਸੂਰਤ ਅੰਦਾਜ਼ ਵਿੱਚ ਪੇਸ਼ ਕੀਤਾ। ਪ੍ਰੋਗਰਾਮ ਦੇ ਅੰਤ ਤੇ ਚੇਅਰਮੈਨ ਪਿਆਰਾ ਸਿੰਘ ਕੁੱਦੋਵਾਲ ਨੇ ਆਪਣੇ ਵਿਲੱਖਣ ਤੇ ਵਿਸਤ੍ਰਿਤ ਅੰਦਾਜ਼ ਸਮੁੱਚਾ ਪ੍ਰੋਗਰਾਮ ਕੰਜੀਵਤ ਰੂਪ ਵਿੱਚ ਸਾਰਾਂਸ਼ ਪੇਸ਼ ਕੀਤਾ ਅਤੇ ਰਾਜਬੀਰ ਗਰੇਵਾਲ ਦੇ ਸੰਚਾਲਨ ਦੀ ਸਰਾਹਨਾ ਕੀਤੀ ਤੇ ਦੱਸਿਆ ਅੱਜ ਦੇ ਕਵੀ ਦਰਬਾਰ ਵਿੱਚ 1699 ਤੋ ਅੱਜ ਤੱਕ ਦੇ ਸਮੇਂ ਦਾ ਚਿਤਰਨ ਕਵੀਆਂ ਨੇ ਬਾਖੂਬੀ ਕੀਤਾ ਤੇ ਆਸ਼ਾ ਭੌਂਸਲੇ ਜੀ ਨੂੰ ਭਾਵਪੂਰਤ ਸਰਧਾਂਜਲੀ ਪੇਸ਼ ਕੀਤੀ । ਅੱਜ ਦੇ ਸਮੇਂ ਵਿੱਚ ਜੰਗ ਜੰਗ ਨੂੰ ਰੋਕਣ ਲਈ ਅਪੀਲ ਕੀਤੀ ਤੇ ਲੀਡਰਾਂ ਨੂੰ। ਸਮੁੱਤ ਬਖਸਣ ਲਈਅਰਦਾਸ ਕੀਤੀ । " ਖ਼ਾਲਸਾ ਨਿਆਰਾ" ਨਜ਼ਮ ਤੁਰਨਮ ਵਿੱਚ ਪੇਸ਼ ਕੀਤੀ । ਸਮੁੱਚਾ ਪ੍ਰੋਗਰਾਮ ਬਹੁਤ ਹੀ ਵਧੀਆ ਤੇ ਸਫਲ ਰਿਹਾ ਜਿਸ ਲਈ ਰਮਿੰਦਰ ਰੰਮੀ ਦੀ ਮਿਹਨਤ ਨੂੰ ਦਾਦ ਦੇਣੀ ਬਣਦੀ ਹੈ ਜੋ ਹਰ ਵਾਰੀ ਨਵਾਂ ਗੁਲਦਸਤਾ ਖੂਬਸੂਰਤੀ ਨਾਲ ਪੇਸ਼ ਕਰਦੇ ਹਨ । ਡਾ. ਰਾਜਬੀਰ ਕੌਰ ਬੀਰ ਗਰੇਵਾਲ ਨੇ ਬਹੁਤ ਹੀ ਵਧੀਆ ਢੰਗ ਨਾਲ ਸੰਚਾਲਨ ਕੀਤਾ । ਇਸ ਪ੍ਰੋਗਰਾਮ ਨੂੰ ਅਨੇਕਾ ਸ਼ਖ਼ਸੀਅਤਾਂ ਨੇ ਜ਼ੂਮ ਤੇ ਫੇਸ ਬੁੱਕ ਮਾਧਿਅਮ ਨਾਲ ਮਾਣਿਆ।ਦੇਸ਼ ਵਿਦੇਸ਼ ਤੋਂ ਬਹੁਤ ਸਾਰੀਆਂ ਨਾਮਵਰ ਸ਼ਖ਼ਸੀਅਤਾਂ ਨੇ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ । ਧੰਨਵਾਦ ਸਹਿਤ । ਇਹ ਰਿਪੋਰਟ ਡਾ . ਪੁਸ਼ਵਿੰਦਰ ਕੌਰ ਖੋਖਰ ਜੀ ਨੇ ਰਮਿੰਦਰ ਵਾਲੀਆ ਨੂੰ ਸਾਂਝੀ ਕੀਤੀ ।

## ਅੱਠਵੀਂ ਦੀ ਪ੍ਰੀਖਿਆ- ਫਰੀਦਕੋਟ ਦੀਆਂ ਧੀਆਂ ਦੀ ਸ਼ਾਨਾਮੱਤੀ ਪ੍ਰਾਪਤੀ- ਪਹਿਲੇ 3 ਵਿੱਚੋਂ ਹਾਸਿਲ ਕੀਤੇ 2 ਸਥਾਨ

### ਸੂਬੇ ਵਿੱਚੋਂ ਸਭ ਤੋਂ ਵੱਧ ਮੈਰਿਟ ਵਿਚ 19 ਸਥਾਨ ਹਾਸਲ ਕੀਤੇ ਫਰੀਦਕੋਟ ਦੇ ਵਿਦਿਆਰਥੀਆਂ ਮੁੱਖ ਮੰਤਰੀ ਪੰਜਾਬ ਨੇ ਕੀਤਾ ਸਨਮਾਨਿਤ

ਵਰਲਡ ਪੰਜਾਬੀ ਟਾਈਮਜ਼

ਫਰੀਦਕੋਟ 13 ਅਪ੍ਰੈਲ : ਇੰਡਕ ਆਰਟਸ ਵੈਲਫੇਅਰ ਕੌਂਸਲ ਇਕਾਈ ਫ਼ਰੀਦਕੋਟ ਵੱਲੋਂ ਭਾਰਤੀ ਸਵਿਧਾਨ ਦੇ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਦਕਰ ਸਾਹਿਬ ਦਾ ਜਨਮ ਦਿਹਾੜਾ ਡਾਕਟਰ ਅੰਬੇਦਕਰ ਪਾਰਕ ਨਜ਼ਦੀਕ ਦਫ਼ਤਰ ਜ਼ਿਲ੍ਹਾ ਭਲਾਈ ਅਫ਼ਸਰ ਫਰੀਦਕੋਟ ਵਿਖੇ ਮਨਾਇਆ ਗਿਆ ਇਸ ਦੀ ਪ੍ਰਧਾਨਗੀ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਜੀਤ ਸਿੰਘ ਸੰਧੂ ਸਿੱਖਾਂਵਾਲਾ ਨੇ ਕੀਤੀ। ਇਸ ਸਮੇਂ ਇੰਡਕ ਆਰਟਸ ਵੈਲਫੇਅਰ ਕੌਂਸਲ ਫ਼ਰੀਦਕੋਟ ਇਕਾਈ ਦੇ ਪ੍ਰਧਾਨ ਪ੍ਰਸਿੱਧ ਲੇਖਕ, ਗਾਇਕ ਅਤੇ ਅਦਾਕਾਰ ਇਕਬਾਲ ਘਾਰੂ, ਜਰਨਲ ਸਕੱਤਰ ਪ੍ਰਸਿੱਧ ਕਵੀ ਕੁਲਵਿੰਦਰ ਵਿਰਕ , ਨੌਜਵਾਨ ਲੇਖਕ ਵਤਨਵੀਰ ਜ਼ਖ਼ਮੀ, ਧਰਮ ਪ੍ਰਵਾਨਾ, ਜੀਤ ਕੰਮੇਆਣਾ, ਅਮਨ ਪਾਂਧੀ ਅਤੇ ਹੋਰ ਸਨਮਾਨਯੋਗ ਸ਼ਖ਼ਸੀਅਤਾਂ ਹਾਜ਼ਰ ਸਨ। ਹਾਜ਼ਰ ਲੇਖਕਾਂ, ਕਲਾਕਾਰਾਂ ਨੇ ਸਭ ਤੋਂ ਪਹਿਲਾਂ ਬਾਬਾ ਸਾਹਿਬ ਡਾਕਟਰ


ਪੰਜਾਬ ਸਕੂਲ ਸਿੱਖਿਆ ਬੋਰਡ

ਅੱਠਵੀਂ ਪ੍ਰੀਖਿਆ, ਫਰਵਰੀ 2026 (ਰੈਗੂਲਰ)

ਪਹਿਲਾ , ਦੂਜਾ ਅਤੇ ਤੀਜਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਦੀ ਸੂਚੀ

| | | | |
|---|---|---|---|
| ਰੋਲ ਨੰ | 8026236105 | ਸਥਾਨ | ਪਹਿਲਾ |
| ਨਾਮ | ਤਮੰਨਾ | | |
| ਪਿਤਾ ਦਾ ਨਾਂ | ਨਰਿੰਦਰ ਕੁਮਾਰ | | |
| ਜਨਮ ਮਿਤੀ | 13/02/2012 | | |
| ਸਕੂਲ / ਫੋਨ ਨੰ | [illegible] 9855654662, 1635-231100 | | |
| ਪ੍ਰਾਪਤ ਅੰਕ | 600 / 600 | ਪ੍ਰਤੀਸ਼ਤ | 100.00 |
| ਰੋਲ ਨੰ | 8026921281 | ਸਥਾਨ | ਦੂਜਾ |
| ਨਾਮ | ਜਪਨੀਤ ਕੌਰ | | |
| ਪਿਤਾ ਦਾ ਨਾਂ | ਕੁਲਦੀਪ ਸਿੰਘ | | |
| ਜਨਮ ਮਿਤੀ | 24/01/2012 | | |
| ਸਕੂਲ / ਫੋਨ ਨੰ | [illegible] 9464265983, 01676-123456 | | |
| ਪ੍ਰਾਪਤ ਅੰਕ | 598 / 600 | ਪ੍ਰਤੀਸ਼ਤ | 99.67 |
| ਰੋਲ ਨੰ | 8026238728 | ਸਥਾਨ | ਤੀਜਾ |
| ਨਾਮ | ਜਸ਼ਨਦੀਪ ਕੌਰ | | |
| ਪਿਤਾ ਦਾ ਨਾਂ | ਹਰਪ੍ਰੀਤ ਸਿੰਘ | | |
| ਜਨਮ ਮਿਤੀ | 28/12/2011 | | |
| ਸਕੂਲ / ਫੋਨ ਨੰ | [illegible] 8146033700, 0988-8578656 | | |
| ਪ੍ਰਾਪਤ ਅੰਕ | 598 / 600 | ਪ੍ਰਤੀਸ਼ਤ | 99.67 |



ਅੰਬੇਦਕਰ ਦੇ ਗਲ ਵਿਚ ਫੁੱਲਾਂ ਦੇ ਹਾਰ ਪਾ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਅਤੇ ਉਨ੍ਹਾਂ ਉਨ੍ਹਾਂ ਦੇ ਨਾਮ ਦੇ ਜੈਕਾਰੇ ਛੱਡੇ। ਇਸ ਉਪਰੰਤ ਕੌਂਸਲ ਦੇ ਮੈਂਬਰ ਸਾਹਿਬਾਨਾਂ ਨੇ ਡਾਕਟਰ ਭੀਮ ਰਾਓ ਅੰਬੇਦਕਰ ਜੀ ਨਾਲ ਸਬੰਧਿਤ ਵਿਚਾਰ ਅਤੇ ਰਚਨਾਵਾਂ ਪੇਸ਼ ਕੀਤੀਆਂ। ਅਖੀਰ ਵਿੱਚ ਕੌਂਸਲ ਦੇ ਮੈਂਬਰਾਂ ਵੱਲੋਂ ਸੰਗੀਤ ਜਗਤ ਦੀ ਮਹਾਨ ਸ਼ਖ਼ਸੀਅਤ ਆਸ਼ਾ ਭੌਂਸਲੇ ਦੇ ਅਚਾਨਕ ਅਕਾਲ ਚਲਾਣੇ ਤੇ ਡੂੰਘਾ ਅਫਸੋਸ ਪ੍ਰਗਟ ਕੀਤਾ ਅਤੇ ਦੋ ਮਿੰਟ ਦਾ ਮੌਨ ਧਾਰ ਕੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ ਗਈ। ਇਸ ਉਪਰੰਤ ਇਜ਼ਰਾਈਲ ਨੇ ਈਰਾਨ ਦੇਸ਼ਾਂ ਦੇ ਕਾਫੀ ਸਮੇਂ ਤੋਂ ਚੱਲ ਰਹੇ ਆਪਸੀ ਯੁੱਧ ਤੇ ਚਿੰਤਾਂ ਪ੍ਰਗਟ ਕੀਤੀ ਅਤੇ ਉਨ੍ਹਾਂ ਦੇਸ਼ਾਂ ਵਿਚਾਲੇ ਆਪਸੀ ਸ਼ਾਂਤੀ ਦੀ ਮਨੋਕਾਮਨਾ ਕੀਤੀ

ਵਰਲਡ ਪੰਜਾਬੀ ਟਾਈਮਜ਼ 13 ਅਪ੍ਰੈਲ 2026 ਦਿਨ ਸੋਮਵਾਰ

## 13 ਅਪ੍ਰੈਲ 1919 ਨੂੰ ਜੱਲਿਆਂ ਵਾਲਾ ਬਾਗ ਦੇ ਸ਼ਹੀਦਾਂ ਨੂੰ ਪਰਨਾਮ ਕਰਦਿਆਂ




ਵਰਲਡ ਪੰਜਾਬੀ ਟਾਈਮਜ਼ ਗੁਰਭਜਨ ਗਿੱਲ

ਤੜਪ ਰਿਹੈ ਸੌ ਸਾਲ ਤੋਂ ਮਗਰੋਂ, ਜੱਲ੍ਹਿਆਂ ਵਾਲਾ ਬਾਗ ਅਜੇ ਵੀ ।
ਡਾਇਰ ਤੇ ਓਡਵਾਇਰ ਰਲ ਕੇ, ਗਾਉਂਦੇ ਓਹੀ ਰਾਗ ਅਜੇ ਵੀ ।

ਆਜ਼ਾਦੀ ਦਾ ਮੁਕਤੀ ਮਾਰਗ, ਹਾਲੇ ਕਿੰਨੀ ਦੂਰ ਸਵੇਰਾ,
ਥਾਲੀ ਵਿੱਚ ਅਣਚੋਪੜੀਆਂ ਤੇ, ਨਾਲ ਅਲੂਣਾ ਸਾਗ ਅਜੇ ਵੀ ।

ਸਰਹੱਦਾਂ ਤੇ ਪਹਿਰੇਦਾਰੀ, ਕਰ ਕਰ ਹਾਰੇ ਕੁੱਲੀਆਂ ਢਾਰੇ,
ਸੋਗ ਸੁਨੇਹੇ ਫਿਰਨ ਬਨੇਰੇ, ਕੁਰਲਾਉਂਦਾ ਹੈ ਕਾਗ ਅਜੇ ਵੀ ।

ਸੁੱਤਿਆ ਲੋਕਾ ਤੇਰੀ ਗਠੜੀ, ਲੈ ਚੱਲੇ ਨੇ ਚੋਰ, ਮੁਸਾਫ਼ਿਰ,
ਘਰ ਨੂੰ ਸਾਂਭਣ ਖ਼ਾਤਿਰ ਤੈਨੂੰ, ਕਿਉਂ ਨਾ ਆਵੇ ਜਾਗ ਅਜੇ ਵੀ ।

ਧਰਮ ਖੇਤ ਦੇ ਅੰਦਰ ਦੱਬੀ, ਸਾਰੀ ਫ਼ਸਲ ਨਦੀਨਾਂ ਮਾਰੀ,
ਮਨ ਮੰਦਿਰ ਵਿੱਚ ਕੁਫ਼ਰ ਪਸਾਰਾ, ਕਹੀਏ ਸੁੱਤੇ ਭਾਗ ਅਜੇ ਵੀ ।

ਛੇ ਸਦੀਆਂ ਤੋਂ ਮਗਰੋਂ ਅੱਜ ਵੀ, ਮੇਰੀ ਕੁੱਲੀ ਓਸੇ ਥਾਂ ਤੇ,
ਜਿੱਥੇ ਛੱਡ ਕੇ ਗਿਆ ਕਬੀਰਾ, ਗਲ ਕਟੀਅਨ ਕੇ ਲਾਗ ਅਜੇ ਵੀ ।

ਧਨਵੰਤੇ ਪਤਵੰਤੇ ਬਣ ਗਏ, ਰੋਲਣ ਪੱਤ ਜ਼ਮੀਰਾਂ ਬਦਲੇ,
ਗੁਣਵੰਤੇ ਛੱਡ, ਬੇਕਦਰਾਂ ਹੱਥ, ਸਮਿਆਂ ਵਾਲੀ ਵਾਗ ਅਜੇ ਵੀ।

## ਵਿਸਾਖੀ ਦਾ ਮੇਲਾ ****

ਵਰਲਡ ਪੰਜਾਬੀ ਟਾਈਮਜ਼ ਸੁਰਜੀਤ ਸਾਰੰਗ



ਇਸ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਿਰਜਣਾ ਕੀਤੀ। ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਫਿਰ ਉਨ੍ਹਾਂ ਕੋਲੋ ਆਪ ਅੰਮ੍ਰਿਤ ਛਕਿਆ।

ਪੰਜਾਬ ਵਾਸੀ ਮੇਲਿਆਂ ਵਿਚ ਬਹੁਤ ਮੌਜ ਕਰਦੇ ਹਨ। ਇਸ ਦਿਨ ਪਹਿਲੋਂ ਤੋਂ ਨਵੇ ਕਪੜੇ ਸਿਵਾ ਕੇ ਰੱਖੇ ਹੋਏ ਹਨ। ਵਿਸਾਖੀ ਤੇ ਉਹ ਪਾ ਕੇ ਨੋਜਵਾਨ, ਬੁੱਢੇ , ਔਰਤਾਂ ਬੱਚੇ ਘਰੋਂ ਨਿਕਲਦੇ ਹਨ। ਬਹੁਤ ਸਾਰੀਆਂ ਫਸਲਾਂ ਤਿਆਰ ਹੁੰਦੀਆਂ ਹਨ। ਕਣਕ ਕੱਟਣ ਦਾ ਥੋੜਾ ਸਗਨ ਕਰਦੇ ਹਨ।

ਵਿਸਾਖੀ ਨੂੰ ਹੀ ਖਲਸੇ ਦਾ ਜਨਮ ਹੋਇਆ। ਇਸ ਕਰਕੇ ਖਾਲਸਾ ਪੰਥ ਦਾ ਜਨਮ ਦਿਨ ਆਖਦੇ ਹਨ। ਇਹ ਸਿਖਾਂ ਵਲੋਂ ਧਾਰਮਿਕ ਦਿਵਾਨ ਲਗਾ ਕੇ ਮਨਾਇਆ ਜਾਂਦਾ ਹੈ।

ਸਟੇਜ ਤੇ ਦੋ ਪਾਰਟੀ ਚੜ ਗਇਈਆਂ ਆਪਸ ਵਿੱਚ ਡਾਂਗਾਂ ਸੋਟੀਆਂ ਚਲ ਰਹੀਆਂ ਸਨ। ਮਾਇਕ ਇਕ ਦੂਜੇ ਦੇ ਹੱਥਾਂ ਵਿਚ ਲੈ ਕੇ ਗਾਲੀ ਗਲੋਚ ਤੇ ਆ ਗਿਆ।ਇਕ ਦੂਜੇ ਨੂੰ ਸਟਾਂ ਲਗੀਆਂ।।

ਅਸੀ ਫਿਰ ਬਾਹਰ ਆ ਗਏ ਇਕ ਪਾਸੇ ਝੂਲੇ ਲੱਗੇ ਹੋਏ। ਇਕ ਪਾਸੇ ਮਿਠਾਈਆਂ। ਰਾਮ ਲੱਡੂ ਵੀ ਸਨ। ਕੰਘੀ , ਸ਼ੀਸ਼ਾ ਵੰਗਾਂ ਵੀ ਹੋਰ ਹਾਰ ਸ਼ਿੰਗਾਰ ਦਾ ਸਮਾਨ ਸੀ ਬੜਾ ਅੰਨਦ ਆਇਆ। ਇਹ ਮੇਲਾ ਮਜਨੂੰ ਟਿੱਲਾ ਗੁਰਦੁਆਰਾ ਸਾਹਿਬ ਦੇ ਬਾਹਰ ਟਰੱਕਾਂ ਵਾਲੇ ਬਹੁਤ ਸਨ। ਜੋ ਜਮਨਾ ਦੇ ਕੰਢੇ ਗੁਰਦੁਆਰਾ ਹੋਣ ਕਰਕੇ ਰਾਤਾਂ ਇੱਥੇ ਹੀ ਕੱਟਦੇ ਹਨ।

ਸਿੱਖਾਂ ਦੇ ਦਸਵੇ ਗੁਰੂ ਜੀ ਵਲੋਂ ਖਾਲਸਾ ਪੰਥ ਦੇ ਜਨਮ ਦਾ ਪ੍ਰਤੀਕ ਹੈ। ਇਹ ਮੁਗਲਾਂ ਤੋਂ ਸਾਸਕ ਦੇ ਅਤਿਆਚਾਰ ਨਾਲ ਜੁਝ ਰਿਹਾ ਸੀ। ਅਜ ਵੀ ਜਨਤਾ ਆਪਣੇ ਨੂੰ ਸੁਰਖਿਆ ਦੇ ਵਿਚ ਕਮਜ਼ੋਰ ਸਮਝਦੀ ਹੈ। ਅਜ ਫਿਰ ਕਲਗੀ ਵਾਲੇ ਨੂੰ ਉਡੀਕ ਰਹੀ ਹੈ। ਕਦੋਂ ਆ ਕੇ ਇਸ ਦਲ ਦਲ ਵਿਚੋਂ ਕਢੇ ਬਾਹਰ ਕਿਸੇ ਕੋਲ ਬੋਲਣ ਦਾ ਹਿਆ ਨਹੀਂ ਹੈ।ਰਾਜੇ ਰਾਜ ਕਮਾਦੇ ਉਲਟੀ ਵਾੜ ਖੇਤ ਜੋ ਖਾਈ।

## ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਖੇਡ ਮੈਦਾਨ ਦਾ ਕੀਤਾ ਉਦਘਾਟਨ

### *ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਖੇਡਾਂ ਬਹੁਤ ਜ਼ਰੂਰੀ: ਸੰਜੀਵ ਅਰੋੜਾ*

### *ਨਵੇਂ ਖੇਡ ਮੈਦਾਨ ਨਾਲ ਉਭਰਦੇ ਖਿਡਾਰੀਆਂ ਨੂੰ ਮਿਲੇਗਾ ਲਾਭ*

ਵਰਲਡ ਪੰਜਾਬੀ ਟਾਈਮਜ਼




ਲੁਧਿਆਣਾ, 13 ਅਪ੍ਰੈਲ: ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਐਤਵਾਰ ਨੂੰ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਇੱਕ ਨਵੇਂ ਵਿਕਸਤ ਖੇਡ ਮੈਦਾਨ ਦਾ ਉਦਘਾਟਨ ਕੀਤਾ ਜੋ ਕਿ ਖੇਤਰ ਵਿੱਚ ਖੇਡ ਬੁਨਿਆਦੀ ਢਾਂਚੇ ਅਤੇ ਨੌਜਵਾਨਾਂ ਦੀ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਵੱਲ ਇੱਕ ਵੱਡਾ ਕਦਮ ਹੈ। ਇਸ ਮੌਕੇ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਝਰ ਅਤੇ ਵਿਧਾਇਕ ਕੁਲਵੰਤ ਸਿੰਘ ਸਿੱਧੂ ਸਮੇਤ ਹੋਰ ਪ੍ਰਸ਼ਾਸਨਿਕ ਅਧਿਕਾਰੀ ਵੀ ਮੌਜੂਦ ਸਨ।

ਇਕੱਠ ਨੂੰ ਸੰਬੋਧਨ ਕਰਦੇ ਹੋਏ ਸੰਜੀਵ ਅਰੋੜਾ ਨੇ ਨੌਜਵਾਨਾਂ ਵਿੱਚ ਸਰੀਰਕ ਤੰਦਰੁਸਤੀ ਅਤੇ ਮਾਨਸਿਕ ਤੰਦਰੁਸਤੀ ਬਣਾਈ ਰੱਖਣ ਵਿੱਚ ਖੇਡਾਂ ਦੀ ਮਹੱਤਵਪੂਰਨ ਭੂਮਿਕਾ 'ਤੇ ਚਾਨਣਾ ਪਾਇਆ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਖੇਡਾਂ ਵਿੱਚ ਸਰਗਰਮ ਭਾਗੀਦਾਰੀ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਉਨ੍ਹਾਂ ਨੂੰ ਸਕਾਰਾਤਮਕ ਅਤੇ ਉਤਪਾਦਕ ਮਾਰਗ ਵੱਲ ਲੈ ਜਾਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੀ ਹੈ।

ਉਨ੍ਹਾਂ ਕਿਹਾ, "ਖੇਡਾਂ ਨੌਜਵਾਨਾਂ ਦੀ ਊਰਜਾ ਨੂੰ ਰਚਨਾਤਮਕ ਢੰਗ ਨਾਲ ਚਲਾਉਣ ਲਈ ਇੱਕ ਸ਼ਾਨਦਾਰ ਪਲੇਟਫਾਰਮ ਪ੍ਰਦਾਨ ਕਰਦੀਆਂ ਹਨ। ਇਹ ਨਾ ਸਿਰਫ਼ ਅਨੁਸ਼ਾਸਨ ਅਤੇ ਟੀਮ ਵਰਕ ਦਾ ਨਿਰਮਾਣ ਕਰਦੀਆਂ ਹਨ ਬਲਕਿ ਨਾਗਰਿਕਾਂ ਨੂੰ ਤੰਦਰੁਸਤ ਬਣਾਉਣ ਵਿੱਚ ਵੀ ਮਦਦ ਕਰਦੀਆਂ ਹਨ।"

ਕੈਬਨਿਟ ਮੰਤਰੀ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਭਰ ਦੇ ਪਿੰਡਾਂ ਵਿੱਚ ਖੇਡ ਮੈਦਾਨ ਵਿਕਸਤ ਕਰਨ ਲਈ ਸਰਗਰਮੀ ਨਾਲ ਕੰਮ ਕਰ ਰਹੀ ਹੈ। ਇਸ ਪਹਿਲ ਦਾ ਉਦੇਸ਼ ਦੁਪਹਿਰ 3 ਵਜੇ ਤੋਂ ਬਾਅਦ ਖੇਡ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਭਾਈਚਾਰਕ-ਮੁਖੀ ਉਪਰਾਲੇ ਗੁਣਵੱਤਾ ਵਾਲੀਆਂ ਖੇਡ ਸਹੂਲਤਾਂ ਤੱਕ ਪਹੁੰਚ ਨੂੰ ਮਹੱਤਵਪੂਰਨ ਤੌਰ 'ਤੇ ਵਧਾਉਂਦੇ ਹਨ।

ਸੰਜੀਵ ਅਰੋੜਾ ਨੇ ਇਹ ਵੀ ਦੱਸਿਆ ਕਿ ਉਦਘਾਟਨ ਕੀਤਾ ਗਿਆ ਮੈਦਾਨ ਵਾਲੀਬਾਲ, ਕ੍ਰਿਕਟ, ਫੁੱਟਬਾਲ ਅਤੇ ਪਿਕਲਬਾਲ ਸਮੇਤ ਕਈ ਖੇਡਾਂ ਲਈ ਸਹੂਲਤਾਂ ਨਾਲ ਲੈਸ ਹੈ ਜੋ ਉਭਰ ਰਹੇ ਖਿਡਾਰੀਆਂ ਨੂੰ ਸਿਖਲਾਈ ਅਤੇ ਉੱਤਮਤਾ ਪ੍ਰਾਪਤ ਕਰਨ ਲਈ ਇੱਕ ਵਿਆਪਕ ਜਗ੍ਹਾ ਪ੍ਰਦਾਨ ਕਰਦਾ ਹੈ।

## ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਲੁਧਿਆਣਾ ਵਿੱਚ ਪੀੜਤ ਪਰਿਵਾਰਾਂ ਨਾਲ ਕੀਤਾ ਦੁੱਖ ਸਾਂਝਾ*

### *ਲੁਧਿਆਣਾ ਵਿੱਚ ਦੁਖੀ ਪਰਿਵਾਰਾਂ ਨੂੰ ਮਿਲੇ ਮੰਤਰੀ ਸੰਜੀਵ ਅਰੋੜਾ, ਲਾਪਰਵਾਹੀ 'ਤੇ ਕੀਤੀ ਸਖ਼ਤ ਕਾਰਵਾਈ ਦੀ ਮੰਗ*

### *ਪੰਜਾਬ ਸਰਕਾਰ ਉੱਤਰ ਪ੍ਰਦੇਸ਼ ਸਰਕਾਰ ਨਾਲ ਕਰੇਗੀ ਤਾਲਮੇਲ, ਪੀੜਤਾਂ ਨੂੰ ਮਿਲੇਗਾ ਇਨਸਾਫ਼ : ਸੰਜੀਵ ਅਰੋੜਾ*

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ, 13 ਅਪ੍ਰੈਲ: ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਵਿਧਾਇਕ ਕੁਲਵੰਤ ਸਿੰਘ ਸਿੱਧੂ ਦੇ ਨਾਲ ਵ੍ਰਿੰਦਾਵਣ ਵਿੱਚ ਕਿਸ਼ਤੀ ਪਲਟਣ ਦੀ ਦੁਖਦਾਈ ਘਟਨਾ ਵਿੱਚ ਆਪਣੇ ਅਜ਼ੀਜ਼ ਗੁਆਉਣ ਵਾਲੇ ਪੀੜਤ ਪਰਿਵਾਰਾਂ ਨਾਲ ਐਤਵਾਰ ਨੂੰ ਲੁਧਿਆਣਾ ਵਿੱਚ ਮੁਲਾਕਾਤ ਕੀਤੀ। ਸੰਜੀਵ ਅਰੋੜਾ ਨੇ ਇਸ ਬਹੁਤ ਹੀ ਔਖੇ ਸਮੇਂ ਦੌਰਾਨ ਦੁਖੀ ਪਰਿਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾਂ ਕਰਨ ਲਈ ਰਾਕੇਸ਼ ਗੁਲਾਟੀ ਅਤੇ ਉਨ੍ਹਾਂ ਦੀ ਪਤਨੀ ਅੰਜੂ ਗੁਲਾਟੀ ਦੇ ਘਰ ਅਤੇ ਵੱਖਰੇ ਤੌਰ 'ਤੇ ਮੀਨੂ ਬਾਂਸਲ ਅਤੇ ਉਨ੍ਹਾਂ ਦੀ ਧੀ ਡਿੰਕੀ ਬਾਂਸਲ ਦੇ ਘਰ ਦਾ ਦੌਰਾ ਕੀਤਾ।



ਮੰਤਰੀ ਸੰਜੀਵ ਅਰੋੜਾ ਨੇ ਪਰਿਵਾਰਕ ਮੈਂਬਰਾਂ ਨਾਲ ਬੈਠ ਕੇ ਉਨ੍ਹਾਂ ਦੇ ਦੁੱਖ ਵਿੱਚ ਹਿੱਸਾ ਲਿਆ। ਉਨ੍ਹਾਂ ਕਿਹਾ ਕਿ ਕੋਈ ਵੀ ਸ਼ਬਦ ਸੱਚਮੁੱਚ ਆਪਣੇ ਪਿਆਰੇ ਨੂੰ ਗੁਆਉਣ ਦੇ ਦਰਦ ਨੂੰ ਘੱਟ ਨਹੀਂ ਕਰ ਸਕਦੇ ਅਤੇ ਉਹ ਸਿਰਫ਼ ਇੱਕ ਮੰਤਰੀ ਵਜੋਂ ਨਹੀਂ, ਸਗੋਂ ਇੱਕ ਇਨਸਾਨ ਵਜੋਂ ਉਨ੍ਹਾਂ ਦੇ ਦੁੱਖ ਵਿੱਚ ਉਨ੍ਹਾਂ ਦੇ ਨਾਲ ਖੜ੍ਹੇ ਹੋਣ ਲਈ ਆਏ ਹਨ। ਉਨ੍ਹਾਂ ਨੇ ਇਸ ਦੁਖਾਂਤ ਦਾ ਕਾਰਨ ਬਣੀ ਲਾਪਰਵਾਹੀ ਦੀ ਸਖ਼ਤ ਆਲੋਚਨਾ ਕਰਦਿਆਂ ਜ਼ਿੰਮੇਵਾਰ ਲੋਕਾਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਇਹ ਘਟਨਾ ਸਿਰਫ਼ ਇੱਕ ਹਾਦਸਾ ਨਹੀਂ ਸੀ, ਸਗੋਂ ਲਾਪਰਵਾਹੀ ਦਾ ਨਤੀਜਾ ਸੀ ਅਤੇ ਕਿਸ਼ਤੀ ਦਾ ਪ੍ਰਬੰਧਨ ਕਰਨ ਵਾਲਿਆਂ ਨੂੰ ਜਵਾਬਦੇਹ ਠਹਿਰਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਉੱਚ ਪੱਧਰੀ ਅਤੇ ਸਮਾਂਬੱਧ ਜਾਂਚ ਦੀ ਮੰਗ ਕਰਦਿਆਂ ਕਿਹਾ ਕਿ ਜ਼ਿੰਮੇਵਾਰਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ ਅਤੇ ਜ਼ਿੰਮੇਵਾਰ ਲੋਕ ਕਿਸੇ ਵੀ ਕੀਮਤ 'ਤੇ ਬਚਣੇ ਨਹੀਂ ਚਾਹੀਦੇ।

ਸੰਜੀਵ ਅਰੋੜਾ ਨੇ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਉੱਤਰ ਪ੍ਰਦੇਸ਼ ਸਰਕਾਰ ਨਾਲ ਤਾਲਮੇਲ ਕਰੇਗੀ ਤਾਂ ਜੋ ਇਨਸਾਫ਼ ਜਲਦੀ ਮਿਲੇ ਅਤੇ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਦੁਬਾਰਾ ਨਾ ਵਾਪਰਨ। ਉਨ੍ਹਾਂ ਪਰਿਵਾਰਾਂ ਨੂੰ ਸਰਕਾਰ ਅਤੇ ਖੁਦ ਦੋਵਾਂ ਵੱਲੋਂ ਪੂਰਾ ਸਮਰਥਨ ਦੇਣ ਦਾ ਭਰੋਸਾ ਦਿੱਤਾ। ਉਨ੍ਹਾਂ ਪਰਿਵਾਰਾਂ ਨੂੰ ਕਿਹਾ ਕਿ ਉਹ ਮਦਦ ਲਈ ਕਿਸੇ ਵੀ ਸਮੇਂ ਉਨ੍ਹਾਂ ਤੱਕ ਪਹੁੰਚ ਕਰ ਸਕਦੇ ਹਨ ਅਤੇ ਇਸ ਮੁਸ਼ਕਲ ਸਮੇਂ ਦੌਰਾਨ ਉਨ੍ਹਾਂ ਨੂੰ ਇਕੱਲੇ ਨਹੀਂ ਛੱਡਿਆ ਜਾਵੇਗਾ।

ਵਿਧਾਇਕ ਕੁਲਵੰਤ ਸਿੰਘ ਸਿੱਧੂ ਜੋ ਦੌਰੇ ਦੌਰਾਨ ਮੌਜੂਦ ਸਨ, ਨੇ ਮੰਤਰੀ ਸੰਜੀਵ ਅਰੋੜਾ ਦੇ ਬਿਆਨਾਂ ਦਾ ਸਮਰਥਨ ਕੀਤਾ ਅਤੇ ਸਥਾਨਕ ਪੱਧਰ 'ਤੇ ਹਰ ਜ਼ਰੂਰੀ ਸਹਾਇਤਾ ਪ੍ਰਦਾਨ ਕਰਨ ਦਾ ਵਾਅਦਾ ਕੀਤਾ।

ਐਤਵਾਰ ਨੂੰ ਮੀਨੂੰ ਬਾਂਸਲ ਦੀ ਧੀ ਡਿੰਕੀ ਬਾਂਸਲ ਦੀ ਲਾਸ਼ ਵੀ ਯਮੁਨਾ ਨਦੀ ਤੋਂ ਬਰਾਮਦ ਕੀਤੀ ਗਈ। ਉਨ੍ਹਾਂ ਦੀ ਮ੍ਰਿਤਕ ਦੇਹ ਦੇਰ ਰਾਤ ਪਹੁੰਚਣ ਦੀ ਉਮੀਦ ਹੈ।


## ਡਾ. ਅੰਬੇਦਕਰ ਸਾਹਿਬ ਦਾ ਜਨਮ ਦਿਨ ਮਨਾਇਆ

ਵਰਲਡ ਪੰਜਾਬੀ ਟਾਈਮਜ਼




ਫਰੀਦਕੋਟ 13 ਅਪ੍ਰੈਲ : ਇੰਡਕ ਆਰਟਸ ਵੈਲਫੇਅਰ ਕੌਂਸਲ ਇਕਾਈ ਫ਼ਰੀਦਕੋਟ ਵੱਲੋਂ ਭਾਰਤੀ ਸਵਿਧਾਨ ਦੇ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਦਕਰ ਸਾਹਿਬ ਦਾ ਜਨਮ ਦਿਹਾੜਾ ਡਾਕਟਰ ਅੰਬੇਦਕਰ ਪਾਰਕ ਨਜ਼ਦੀਕ ਦਫ਼ਤਰ ਜ਼ਿਲ੍ਹਾ ਭਲਾਈ ਅਫ਼ਸਰ ਫਰੀਦਕੋਟ ਵਿਖੇ ਮਨਾਇਆ ਗਿਆ ਇਸ ਦੀ ਪ੍ਰਧਾਨਗੀ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਜੀਤ ਸਿੰਘ ਸੰਧੂ ਸਿੱਖਾਂਵਾਲਾ ਨੇ ਕੀਤੀ। ਇਸ ਸਮੇਂ ਇੰਡਕ ਆਰਟਸ ਵੈਲਫੇਅਰ ਕੌਂਸਲ ਫ਼ਰੀਦਕੋਟ ਇਕਾਈ ਦੇ ਪ੍ਰਧਾਨ ਪ੍ਰਸਿੱਧ ਲੇਖਕ, ਗਾਇਕ ਅਤੇ ਅਦਾਕਾਰ ਇਕਬਾਲ ਘਾਰੂ, ਜਰਨਲ ਸਕੱਤਰ ਪ੍ਰਸਿੱਧ ਕਵੀ ਕੁਲਵਿੰਦਰ ਵਿਰਕ , ਨੌਜਵਾਨ ਲੇਖਕ ਵਤਨਵੀਰ ਜ਼ਖ਼ਮੀ, ਧਰਮ ਪ੍ਰਵਾਨਾ, ਜੀਤ ਕੰਮੇਆਣਾ, ਅਮਨ ਪਾਂਧੀ ਅਤੇ ਹੋਰ ਸਨਮਾਨਯੋਗ ਸ਼ਖ਼ਸੀਅਤਾਂ ਹਾਜ਼ਰ ਸਨ। ਹਾਜ਼ਰ ਲੇਖਕਾਂ, ਕਲਾਕਾਰਾਂ ਨੇ ਸਭ ਤੋਂ ਪਹਿਲਾਂ ਬਾਬਾ ਸਾਹਿਬ ਡਾਕਟਰ ਅੰਬੇਦਕਰ ਦੇ ਗਲ ਵਿਚ ਫੁੱਲਾਂ ਦੇ ਹਾਰ ਪਾ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਅਤੇ ਉਨ੍ਹਾਂ ਉਨ੍ਹਾਂ ਦੇ ਨਾਮ ਦੇ ਜੈਕਾਰੇ ਛੱਡੇ। ਇਸ ਉਪਰੰਤ ਕੌਂਸਲ ਦੇ ਮੈਂਬਰ ਸਾਹਿਬਾਨਾਂ ਨੇ ਡਾਕਟਰ ਭੀਮ ਰਾਓ ਅੰਬੇਦਕਰ ਜੀ ਨਾਲ ਸਬੰਧਿਤ ਵਿਚਾਰ ਅਤੇ ਰਚਨਾਵਾਂ ਪੇਸ਼ ਕੀਤੀਆਂ। ਅਖੀਰ ਵਿੱਚ ਕੌਂਸਲ ਦੇ ਮੈਂਬਰਾਂ ਵੱਲੋਂ ਸੰਗੀਤ ਜਗਤ ਦੀ ਮਹਾਨ ਸ਼ਖ਼ਸੀਅਤ ਆਸ਼ਾ ਭੌਂਸਲੇ ਦੇ ਅਚਾਨਕ ਅਕਾਲ ਚਲਾਣੇ ਤੇ ਡੂੰਘਾ ਅਫਸੋਸ ਪ੍ਰਗਟ ਕੀਤਾ ਅਤੇ ਦੋ ਮਿੰਟ ਦਾ ਮੌਨ ਧਾਰ ਕੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ ਗਈ। ਇਸ ਉਪਰੰਤ ਇਜ਼ਰਾਈਲ ਨੇ ਈਰਾਨ ਦੇਸ਼ਾਂ ਦੇ ਕਾਫੀ ਸਮੇਂ ਤੋਂ ਚੱਲ ਰਹੇ ਆਪਸੀ ਯੁੱਧ ਤੇ ਚਿੰਤਾਂ ਪ੍ਰਗਟ ਕੀਤੀ ਅਤੇ ਉਨ੍ਹਾਂ ਦੇਸ਼ਾਂ ਵਿਚਾਲੇ ਆਪਸੀ ਸ਼ਾਂਤੀ ਦੀ ਮਨੋਕਾਮਨਾ ਕੀਤੀ

## ਸਹੀਦ ਊਦਮ ਸਿੰਘ



Shaheed Udham Singh

1919 ਨੂੰ ਵਿਸਾਖੀ ਤੇ ਜੱਲਿਆ ਵਾਲੇ ਬਾਂਗ ਵਿੱਚ,
ਇਕੱਠਾਂ ਹੋਇਆ ਸਾਰਾ ਸ਼ਹਿਰ ਸੀ।

ਅਜਾਦੀ ਹੈ ਸਾਨੂੰ ਜਾਨ ਤੋਂ ਪਿਆਰੀ,
ਅਜਾਦੀ ਦੀ ਦੇਸ਼ ਵਿੱਚ ਚਲਦੀ ਲਹਿਰ ਸੀ।

ਨਿਹੱਥੇ,ਸ਼ਾਂਤਮਈ ਲੋਕੀ ਵਿਰੋਧ ਕਰਦੇ,
ਅੰਗਰੇਜ਼ਾਂ ਨੇ ਕਰ ਦਿੱਤਾ ਕਹਿਰ ਸੀ।

ਲੋਕ ਦਾਣਿਆਂ ਦੇ ਵਾਂਗ ਭੁੰਨ ਦਿੱਤੇ,
ਹੁਕਮ ਦਿੱਤਾ ਜਰਨਲ ਉਡਵਾਇਰ ਸੀ।

ਮਾਰ ਦਿੱਤੇ ਬੱਚੇ ਬੁੱਢੇ ਗੱਭਰੂ ਤੇ ਮੁਟਿਆਰਾਂ,
ਮੀਂਹ ਦੇ ਵਾਂਗ ਵਰਦੇ ਬੰਦੂਕਾ ਦੇ ਫਾਇਰ ਸੀ।

ਲੋਕਾਂ ਨੂੰ ਕੀੜੇ ਮਕੌੜਿਆਂ ਵਾਂਗ ਮਾਰਿਆ,
ਨਫਰਤ ਦਾ ਭਰਿਆ ਉਸ ਵਿੱਚ ਜ਼ਹਿਰ ਸੀ।

ਕਈਆਂ ਦੀਆਂ ਛਾਤੀਆਂ ਛਾਨਣੀ ਹੋਈਆਂ,
ਲੱਤਾਂ ਬਾਹਵਾਂ ਤੇ ਉਡੀਆਂ,ਉੱਡ ਗਏ ਪੈਰ ਸੀ।

ਬਾਂਗ ਦੀ ਧਰਤੀ ਖੂਨ ਨਾਲ ਲੱਥ-ਪੱਥ ਹੋਈ,
ਚਾਰੇ ਪਾਸੇ ਖੂਨ ਦੀ ਚੱਲ ਪਈ ਨਹਿਰ ਸੀ।

ਗਦਾਰ ਸੀਂ ਗੋਰਿਆਂ ਨੂੰ ਆਪਣੇ ਲੱਗਦੇ,
ਅਜ਼ਾਦੀ ਘਲਾਈਏ ਲੱਗਦੇ ਗੈਰ ਸੀ।

ਦਰਬਾਰ ਸਹਿਬ ਦੇ ਪੁਜਾਰੀਆਂ ਸਿਰੋਪਾ ਦਿੱਤਾ,
ਮਜੀਠੇ ਵਾਲੇ ਸਰਦਾਰਾਂ ਦੇ ਘਰ ਗਿਆ ਠਹਿਰ ਸੀ।

ਖਾਰੇ ਵਾਲਿਆਂ,

ਊਧਮ ਸਿੰਘ ਸੂਰਮੇ ਦੇ ਡੌਲੇ ਫਰਕੇ,
ਲੰਡਨ ਵਿੱਚ ਜਾ ਕੇ ਕੱਢਿਆ ਵੈਰ ਸੀ।

ਉਸ ਦੇ ਬੁੱਤ ਦੇ ਹੱਥ ਵਿੱਚ ਪਿਸਤੌਲ ਸੀ ਚਾਹੀਦਾ,
ਵੇਖ ਕੇ ਤੜਫਿਆ ਸੁਖਵਿੰਦਰ ਸ਼ਾਇਰ ਸੀ।

107ਸਾਲ ਪਹਿਲਾ ਜੱਲਿਆ ਵਾਲੇ ਬਾਂਗ ਵਿੱਚ,
ਹੋਇਆ ਖੂਨੀ ਸਾਕਾ,ਹੋਇਆ ਕਹਿਰ ਸੀ।

ਵਰਲਡ ਪੰਜਾਬੀ ਟਾਈਮਜ਼